**ਭਗਤ ਨਾਮਦੇਵ - ਸਬਦ ੨੩**

**ਅਸੁਮੇਧ ਜਗਨੇ ॥**

**ਰਾਗੁ ਗੋਂਡ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੮੭੩**

ਅਸੁਮੇਧ ਜਗਨੇ ॥

ਤੁਲਾ ਪੁਰਖ ਦਾਨੇ ॥

ਪ੍ਰਾਗ ਇਸਨਾਨੇ ॥੧॥

ਤਉ ਨ ਪੁਜਹਿ ਹਰਿ ਕੀਰਤਿ ਨਾਮਾ ॥

ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ ॥੧॥ ਰਹਾਉ ॥

ਗਇਆ ਪਿੰਡੁ ਭਰਤਾ ॥

ਬਨਾਰਸਿ ਅਸਿ ਬਸਤਾ ॥

ਮੁਖਿ ਬੇਦ ਚਤੁਰ ਪੜਤਾ ॥੨॥

ਸਗਲ ਧਰਮ ਅਛਿਤਾ ॥

ਗੁਰ ਗਿਆਨ ਇੰਦ੍ਰੀ ਦ੍ਰਿੜਤਾ ॥

ਖਟੁ ਕਰਮ ਸਹਿਤ ਰਹਤਾ ॥੩॥

ਸਿਵਾ ਸਕਤਿ ਸੰਬਾਦੰ ॥

ਮਨ ਛੋਡਿ ਛੋਡਿ ਸਗਲ ਭੇਦੰ ॥

ਸਿਮਰਿ ਸਿਮਰਿ ਗੋਬਿੰਦੰ ॥

ਭਜੁ ਨਾਮਾ ਤਰਸਿ ਭਵ ਸਿੰਧੰ ॥੪॥੧॥

**ਸਾਰ:** ਜਿਸ ਤਰ੍ਹਾਂ ਬਾਹਰੀ ਸੰਸਾਰ ਦੀ ਖਿੱਚ ਮੱਧਮ ਪੈਂਦੀ ਹੈ ਅੰਤਰੀਵੀ ਚਿੰਤਨ ਦੀ ਸ਼ਕਤੀ ਸਪਸ਼ਟ ਹੋ ਜਾਂਦੀ ਹੈ। ਇਹ ਅੰਤਰੀਵੀ ਇਕਾਗਰਤਾ ਰੁਪਾਂਤ੍ਰਣਸ਼ੀਲ ਸਮਰਥਾ ਰੱਖਦੀ ਹੈ ਜੋ ਕਿਸੇ ਵੀ ਬਾਹਰੀ ਪ੍ਰਦਰਸ਼ਨ ਨਾਲੋਂ ਉਚੇਰੀ ਹੁੰਦੀ ਹੈ। ਜਿਥੇ ਬਾਹਰੀ ਪ੍ਰਗਟਾਵੇ ਮਾਨਤਾ ਅਤੇ ਪ੍ਰਵਾਨਗੀ ਦੀ ਮੰਗ ਕਰਦੇ ਹਨ, ਉਥੇ ਅੰਤਰੀਵੀ ਕਰਮ ਸਪਸ਼ਟਤਾ, ਇਮਾਨਦਾਰੀ ਅਤੇ ਸਵੈ-ਪੜਤਾਲ ਨੂੰ ਤਰਜੀਹ ਦਿੰਦੇ ਹੋਏ, ਭਰਮਾਂ ਨੂੰ ਵੀ ਦੂਰ ਕਰਦੇ ਹਨ। ਇਹ ਵਰਤਾਰਾ ਰੂਹਾਨੀ ਉਦਮ ਦੀ ਕ੍ਰਮਬੱਧਤਾ ਨੂੰ ਵੀ ਪ੍ਰਗਟ ਕਰਦਾ ਹੈ: ਬਾਹਰੀ

ਦਿੱਖ ਵਾਲੀਆਂ ਕਿਰਿਆਵਾਂ, ਜਿਵੇਂ ਕਿ ਰਸਮਾਂ ਅਤੇ ਪ੍ਰਤੀਕ, ਮਹੱਤਵਪੂਰਨ ਹੋ ਸਕਦੇ ਹਨ, ਪਰ ਅੰਤ ਉਹ ਬਣਾਵਟੀ ਜਾਂ ਬਾਹਰੀ ਪੱਧਰ ਤੱਕ ਹੀ ਸੀਮਤ ਹੁੰਦੇ ਹਨ। ਅੰਤਰੀਵੀ ਕਾਰਜ਼ ਵਿਚ ਜਿੰਨਾ ਕੋਈ ਡੂੰਘਾ ਰੁੱਝਿਆ ਰਹਿੰਦਾ ਹੈ, ਉਸ ਨੂੰ ਉਨ੍ਹੀ ਹੀ ਬਾਹਰੀ ਪ੍ਰਮਾਣਿਕਤਾ ਦੀ ਘੱਟ ਲੋੜ ਹੁੰਦੀ ਹੈ, ਅਤੇ ਜਿਸ ਨਾਲ ਮਾਨਤਾ ਦੀ ਇੱਛਾ ਵੀ ਹੌਲੀ-ਹੌਲੀ ਘੱਟ ਜਾਂਦੀ ਹੈ।

ਅਸੁਮੇਧ ਜਗਨੇ ॥

ਅਸ਼ਵਮੇਧ ਯੱਗ ਵਿਚ, ਘੋੜੇ ਦੀ ਬਲੀ ਦੀ ਰਸਮ ਨਿਭਾਈ ਜਾਂਦੀ ਹੈ। ਇਹ ਉਹਨਾਂ ਰਸਮਾਂ ਦਾ ਪ੍ਰਤੀਕ ਹੈ ਜੋ ਧਾਰਮਿਕ ਅਧਿਕਾਰ ਅਤੇ ਸ਼ਕਤੀ ਦੇ ਪ੍ਰਦਰਸ਼ਨ ਵਜੋਂ ਕੀਤੀਆਂ ਜਾਂਦੀਆਂ ਹਨ, ਅਤੇ ਜੋ ਅਕਸਰ ਅੰਦਰਲੇ ਮਨ ਨੂੰ ਸ਼ੁੱਧ ਕਰਨ ਦੀ ਬਜਾਇ ਪਹਿਚਾਣ ਅਤੇ ਅਹੰਕਾਰ ਵਿਚ ਹੀ ਵਾਧਾ ਕਰ ਸਕਦੀਆਂ ਹਨ।

ਤੁਲਾ ਪੁਰਖ ਦਾਨੇ ॥

ਆਪਣੇ ਭਾਰ ਦੇ ਬਰਾਬਰ ਧਨ ਦਾਨ ਕਰਨਾ। ਇਹ ਭਾਵ ਉਸ ਭਰਮ ਵੱਲ ਇਸ਼ਾਰਾ ਕਰਦਾ ਹੈ ਕਿ ਕੇਵਲ ਭੌਤਿਕ ਦਾਨ ਰਾਹੀਂ ਆਤਮਿਕ ਪੁੰਨ ਜਾਂ ਉੱਚਤਾ ਪ੍ਰਾਪਤ ਕੀਤੀ ਜਾ ਸਕਦੀ ਹੈ।

ਪ੍ਰਾਗ ਇਸਨਾਨੇ ॥੧॥

ਪ੍ਰਯਾਗ, ਜੋ ਤੀਰਥ ਅਸਥਾਨ ਮੰਨਿਆਂ ਜਾਂਦਾ ਹੈ, ਉਥੇ ਰਸਮੀ ਇਸ਼ਨਾਨ ਕੀਤਾ ਜਾਂਦਾ ਹੈ। ਇਹ ਭਾਵ ਉਸ ਗਲਤ ਧਾਰਣਾ ਨੂੰ ਦਰਸਾਉਂਦਾ ਹੈ ਕਿ ਕੋਈ ਖ਼ਾਸ ਭੌਗੋਲਿਕ ਥਾਂ ਅੰਤਰੀਵੀ ਅਗਿਆਨਤਾ ਨੂੰ ਧੋ ਸਕਦੀ ਹੈ। (੧)

ਤਉ ਨ ਪੁਜਹਿ ਹਰਿ ਕੀਰਤਿ ਨਾਮਾ ॥

ਨਾਮਦੇਵ ਕਹਿੰਦੇ ਹਨ ਕਿ ਇਨ੍ਹਾਂ ਵਿਚੋਂ ਕੁਝ ਵੀ ਸਰਬਵਿਆਪੀ ਸਤਾ ਦੇ ਚਿੰਤਨ ਦੇ ਤੁਲ ਨਹੀਂ ਹੈ। ਇਹ ਭਾਵ ਦਰਸਾਉਂਦਾ ਹੈ ਕਿ ਰਸਮਾਂ ਦਾ ਪੁੰਨ, ਭਾਵੇਂ ਕਿੰਨਾ ਵੀ ਵੱਡਾ ਹੋਵੇ, ਇਹ ਗੰਭੀਰਤਾ ਤੋਂ ਸੱਖਣਾ ਅਤੇ ਜਾਗਰੂਕਤਾ ਦੇ ਇਕ ਪਲ ਦਾ ਵੀ ਬਦਲ ਨਹੀਂ ਹੋ ਸਕਦਾ।

ਅਪੁਨੇ ਰਾਮਹਿ ਭਜੁ ਰੇ ਮਨ ਆਲਸੀਆ ॥੧॥ ਰਹਾਉ ॥

ਹੇ ਨਿਰਉਤਸ਼ਾਹਿਤ ਮਨ, ਉਸ ਸਰਬਵਿਆਪੀ ਸੱਚ ਦਾ ਚਿੰਤਨ ਕਰ। ਇਹ ਭਾਵ ਉਸ ਆਤਮਿਕ ਖੜੋਤ ਵੱਲ ਇਸ਼ਾਰਾ ਕਰਦਾ ਹੈ ਜੋ ਸਵੈ-ਚਿੰਤਨ ਵਿਚ ਰੁਕਾਵਟ ਪਾਉਂਦੀ ਹੈ ਅਤੇ ਬਾਹਰੀ ਰਸਮਾਂ 'ਤੇ ਨਿਰਭਰਤਾ ਦੇ ਰਾਹ ਤੋਰ ਦਿੰਦੀ ਹੈ। (੧)(ਠਹਿਰਾਉ)

ਗਇਆ ਪਿੰਡੁ ਭਰਤਾ ॥

ਗਯਾ, ਇਸ ਤੀਰਥ ਸਥਾਨ ਉਪਰ ਪੂਰਵਜਾਂ ਨੂੰ ਸਰਧਾਂਜ਼ਲੀ ਦੇਣ ਲਈ ਚੌਲਾਂ ਦੇ ਲਡੂ ਅਰਪਣ ਕੀਤੇ ਜਾਂਦੇ ਹਨ। ਇਹ ਰਸਮ, ਜਿਸਦਾ ਉਦੇਸ਼ ਵੰਸ਼ ਦੇ ਪੂਰਵਜ਼ਾਂ ਨੂੰ ਸਨਮਾਨ ਦੇ, ਮੁਕਤੀ ਨੂੰ ਯਕੀਨੀ ਬਣਾਉਣਾ ਹੁੰਦਾ ਹੈ, ਆਪਣਾ ਮਹੱਤਵ ਗੁਆ ਦਿੰਦੀ ਹੈ ਜੇਕਰ ਮ੍ਰਿਤਕ ਦੀ ਜੀਉਂਦੇ ਜੀਅ ਕਦਰ ਨਹੀਂ ਕੀਤੀ ਜਾਂਦੀ।

ਬਨਾਰਸਿ ਅਸਿ ਬਸਤਾ ॥

ਸਾਡਾ ਨਿਵਾਸ ਪਵਿੱਤਰ ਨਗਰੀ ਵਾਰਾਣਸੀ ਵਿਚਲੀ ਅੱਸੀ ਨਦੀ ਦੇ ਕੰਢੇ ਹੈ। ਇਹ ਭਾਵ ਉਸ ਗਲਤ ਧਾਰਨਾ ਨੂੰ ਉਜਾਗਰ ਕਰਦਾ ਹੈ ਕਿ ਸੱਚੀ ਪਵਿੱਤਰਤਾ ਅੰਤਰੀਵੀ ਸਦਭਾਵਨਾ ਦੀ ਬਜਾਏ ਖਾਸ ਸਥਾਨਾਂ ਅਤੇ ਪ੍ਰਤੀਕਾਂ ਰਾਹੀਂ ਪ੍ਰਾਪਤ ਹੁੰਦੀ ਹੈ।

ਮੁਖਿ ਬੇਦ ਚਤੁਰ ਪੜਤਾ ॥੨॥

ਕੰਠ ਕਰ ਚਾਰ ਵੇਦਾਂ ਦਾ ਪਾਠ ਕਰਨਾ। ਇਹ ਭਾਵ ਸਾਨੂੰ ਯਾਦ ਦਿਵਾਉਂਦਾ ਹੈ ਗਿਆਨ ਨੂੰ ਕੰਠ ਕੀਤਾ ਜਾ ਸਕਦਾ ਹੈ, ਪਰ ਬਿਬੇਕ ਅਨੁਭਵ ਅਤੇ ਇਸਨੂੰ ਜੀਵਨ ਵਿਚ ਜੀਉਣ ਨਾਲ ਹੀ ਪ੍ਰਾਪਤ ਹੁੰਦਾ ਹੈ। (੨)

ਸਗਲ ਧਰਮ ਅਛਿਤਾ ॥

ਨੇਕ ਇਰਾਦੇ ਨਾਲ ਕੀਤਾ ਹਰ ਕਰਮ ਸੰਪੂਰਨ ਹੁੰਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਅੰਤਰੀਵੀ ਰੁਪਾਂਤ੍ਰਣ ਸਮਾਜਿਕ ਅਤੇ ਧਾਰਮਿਕ ਜ਼ਿੰਮੇਵਾਰੀਆਂ ਦੀ ਪੂਰਤੀ ਨਾਲੋਂ ਵਧੇਰੇ ਲਾਹੇਵੰਦ ਹੁੰਦਾ ਹੈ।

ਗੁਰ ਗਿਆਨ ਇੰਦ੍ਰੀ ਦ੍ਰਿੜਤਾ ॥

ਬਿਬੇਕ ਦੁਆਰਾ ਪ੍ਰਾਪਤ ਸੂਝ-ਬੂਝ ਰਾਹੀਂ, ਇੰਦਰੀਆਂ ਨੂੰ ਅਡੋਲ ਰੱਖਿਆ ਜਾ ਸਕਦਾ ਹੈ। ਇਹ ਭਾਵ ਸੁਝਾਅ ਦਿੰਦਾ ਹੈ ਕਿ ਅਨੁਸ਼ਾਸਨ ਉਦੋਂ ਸਾਰਥਕ ਬਣ ਜਾਂਦਾ ਹੈ ਜਦੋਂ ਇਹ ਡਰ, ਸੰਦੇਹ ਜਾਂ ਨਿਯੰਤਰਣ ਦੀ ਬਜਾਏ ਅੰਤਰੀਵੀ ਸਪਸ਼ਟਤਾ ਵਿਚ ਜੜ੍ਹਿਆ ਹੋਵੇ।

ਖਟੁ ਕਰਮ ਸਹਿਤ ਰਹਤਾ ॥੩॥

ਆਤਮਿਕ ਦਰਸ਼ਨ ਦੇ ਆਧਾਰ 'ਤੇ ਕਰਮ ਕਰਨਾ ਅਤੇ ਜੀਵਨ ਨੂੰ ਇਸ ਦੇ ਅਨੁਸਾਰ ਜੀਉਣਾ। ਇਹ ਭਾਵ ਉਸ ਜੀਵਨ-ਰੀਤ ਨੂੰ ਦਰਸਾਉਂਦਾ ਹੈ ਜੋ ਕੇਵਲ ਰਸਮਾਂ ਜਾਂ ਜਾਣਕਾਰੀ ਤੱਕ ਸੀਮਿਤ ਨਹੀਂ, ਸਗੋਂ ਆਤਮਿਕ ਸੱਚਾਈ ਨੂੰ ਜੀਵਨ ਵਿਚ ਉਤਾਰ ਕੇ ਜੀਉਂਦੀ ਹੈ। (੩)

ਸਿਵਾ ਸਕਤਿ ਸੰਬਾਦੰ ॥

ਸ਼ਿਵ, ਜੋ ਪੁਰਸ਼ ਗੁਣਾਂ ਦਾ ਪ੍ਰਤੀਕ ਹੈ, ਅਤੇ ਸ਼ਕਤੀ, ਜੋ ਇਸਤ੍ਰੀ ਗੁਣਾਂ ਦੀ ਪ੍ਰਤੀਕ ਹੈ, ਇਨ੍ਹਾਂ ਬਾਰੇ ਵਿਚਾਰ ਕੀਤੀ ਜਾਂਦੀ ਹੈ। ਇਹ ਭਾਵ ਇਕ ਅਜਿਹੀ ਮਨੋਬਿਰਤੀ ਨੂੰ ਦਰਸਾਉਂਦਾ ਹੈ ਜੋ ਲਿੰਗ-ਭੇਦ ਤੋਂ ਉੱਪਰ ਉੱਠ, ਪੁਰਸ਼ ਅਤੇ ਇਸਤ੍ਰੀ ਦੋਵਾਂ ਗੁਣਾਂ ਨੂੰ ਸਵੀਕਾਰ ਕਰਦੀ ਹੈ।

ਮਨ ਛੋਡਿ ਛੋਡਿ ਸਗਲ ਭੇਦੰ ॥

ਮਨ ਵੱਖ ਹੋ ਕੇ ਸਾਰੇ ਵਿਤਕਰੇ ਛੱਡ ਦਿੰਦਾ ਹੈ। ਇਹ ਭਾਵ ਉਹਨਾਂ ਮਾਨਸਿਕ ਬਣਤਰਾਂ ਨੂੰ ਛੱਡਣ ਵੱਲ ਇਸ਼ਾਰਾ ਕਰਦਾ ਹੈ ਜੋ ਆਪਣੇ ਆਪ ਨੂੰ ਰੂਹਾਨੀਅਤ ਦੇ ਭੇਸ ਵਿਚ ਲੁਕਾਉਂਦੀਆਂ ਹਨ ਅਤੇ ਸਾਡੀ ਅੰਤਰ-ਆਤਮਾ ਨੂੰ ਦਵੈਤ ਵਿਚ ਫਸਾਉਂਦੀਆਂ ਹਨ।

ਸਿਮਰਿ ਸਿਮਰਿ ਗੋਬਿੰਦੰ ॥

ਸਰਬ ਵਿਆਪਕ ਚੇਤਨਾ ਦਾ ਚਿੰਤਨ ਅਤੇ ਵਿਚਾਰ ਕਰੋ। ਇਹ ਭਾਵ ਮਨ ਨੂੰ ਏਕਤਾ ਰੂਪੀ ਵਿਸ਼ਵਵਿਆਪੀ ਹਕੀਕਤ ਉਪਰ ਧਿਆਨ ਕੇਂਦਰਿਤ ਕਰਨ ਲਈ ਵਾਰ-ਵਾਰ ਕੀਤੇ ਜਾਣ ਵਾਲੇ ਕਰਮਾਂ ਦਾ ਪ੍ਰਤੀਕ ਹੈ।

ਭਜੁ ਨਾਮਾ ਤਰਸਿ ਭਵ ਸਿੰਧੰ ॥੪॥੧॥

ਨਾਮਦੇਵ ਕਹਿੰਦੇ ਹਨ ਕਿ ਚਿੰਤਨ ਕਰਨ ਨਾਲ, ਉਹ ਡਰ ਦੇ ਸਮੁੰਦਰ ਨੂੰ ਪਾਰ ਕਰ ਜਾਂਦੇ ਹਨ। ਇਹ ਭਾਵ ਮੁਕਤੀ ਨੂੰ ਸਾਡੇ ਅੰਦਰ ਵਸੇ ਸੰਦੇਹ, ਸ਼ੱਕ ਅਤੇ ਅਣਜਾਣਤਾ ਦੀ ਭਾਵਨਾ ਤੋਂ ਅਜ਼ਾਦ ਹੋਣ ਦੇ ਰੂਪ ਵਿਚ ਸਿਰਜਦਾ ਹੈ। (੪)(੧)

**ਤੱਤ:** ਭਗਤ ਨਾਮਦੇਵ ਸਾਨੂੰ ਉਨ੍ਹਾਂ ਮਾਨਸਿਕ ਬਣਤਰਾਂ ਤੋਂ ਮੁਕਤ ਹੋਣ ਦੀ ਤਾਕੀਦ ਕਰਦੇ ਹਨ ਜੋ ਆਪਣੇ ਆਪ ਨੂੰ ਰੂਹਾਨੀਅਤ ਦੇ ਭੇਸ ਅੰਦਰ ਸਾਡੀ ਅੰਤਰ-ਆਤਮਾ ਨੂੰ ਦੋਹਰੇਪਣ ਵਿਚ ਫਸਾਈ ਰੱਖਦੀਆਂ ਹਨ। ਉਹ ਇਕ ਅਜਿਹੇ ਉਦਾਰਵਾਦੀ ਪਰਿਪੇਖ ਦੀ ਵਕਾਲਤ ਕਰਦੇ ਹਨ ਜੋ ਪੱਖਪਾਤ ਤੋਂ ਉਪਰ ਉੱਠ ਸਾਡੇ

ਅੰਦਰ ਨਰ ਅਤੇ ਮਾਦਾ ਗੁਣਾਂ ਨੂੰ ਸਦਭਾਵਨਾ ਨਾਲ ਵਿਗਸਣ ਲਈ ਪ੍ਰੇਰਿਤ ਕਰਦੀਆਂ ਹਨ ਤਾਂ ਜੋ ਸੀਮਿਤ ਲਿੰਗ-ਭੂਮਿਕਾਵਾਂ ਤੋਂ ਪਾਰ ਜਾਇਆ ਜਾ ਸਕੇ। ਇਹਨਾਂ ਸੀਮਾਵਾਂ ਨਾਲ ਜੁੜੇ ਰਹਿਣ ਨਾਲ ਰੂਹਾਨੀ ਖੜੋਤ ਆ ਜਾਂਦੀ ਹੈ ਅਤੇ ਬਾਹਰੀ ਕਰਮ-ਕਾਂਡਾ 'ਤੇ ਨਿਰਭਰਤਾ ਵੱਧ ਜਾਂਦੀ ਹੈ। ਸੱਚੀ ਮੁਕਤੀ ਡਰ ਅਤੇ ਸ਼ੰਕਿਆਂ ਜਾਂ ਜੀਵਨ ਦੀ ਅਣਕਿਆਸਕਾਰੀ ਤੋਂ ਬਚਣ ਵਿਚ ਨਹੀਂ, ਸਗੋਂ ਦਾਰਸ਼ਨਿਕ ਸੂਝ ਰਾਹੀਂ ਉਨ੍ਹਾਂ ਦੇ ਪ੍ਰਭਾਵ ਤੋਂ ਬਾਹਰ ਨਿਕਲਣ ਰਾਹੀਂ ਪ੍ਰਾਪਤ ਹੁੰਦੀ ਹੈ।

---

ਪਹਿਲਕਦਮੀ

**Oneness In Diversity Research Foundation**
**ਵੈੱਬਸਾਈਟ:** **OnenessInDiversity.com**

**ਈਮੇਲ: onenessindiversityfoundation@gmail.com**